# ਰਾਜ ਵਿਦਿਅਕ ਖ਼ੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ

Azadi Ka Amrit Mahotsav

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ, ਮੋਹਾਲੀ,

ਈਮੇਲ: directorscert@punjabeducation.gov.in, ਫੋਨ ਨੰ: 0172-2212221


(ਵੈੱਬਸਾਈਟ ਰਾਹੀਂ)

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ)

ਸਮੂਹ ਸਕੂਲ ਮੁਖੀ (ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲ)

ਮੀਮੋ ਨੰ: SCERT/SCI/ 2022332878 ਮਿਤੀ: 20-12-2022

**ਵਿਸ਼ਾ:- ਮਿਤੀ 24.12.2022 ਨੂੰ ਸਮੂਹ ਸਰਕਾਰੀ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ Inspire Meet (2.0) ਦਾ ਆਯੋਜਨ ਕਰਨ ਸੰਬੰਧੀ।**

**1.0** ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਗੁਣਾਤਮਿਕ ਸਿੱਖਿਆ ਦੇਣ ਲਈ ਅਤੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਅਧਿਆਪਕਾਂ ਵਿੱਚ ਬੇਹਤਰ ਤਾਲਮੇਲ ਬਣਾਉਣ ਦੇ ਉਦੇਸ਼ ਨਾਲ ਮਿਤੀ 24.12.2022 ਨੂੰ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਮਾਪੇ ਅਧਿਆਪਕ ਮਿਲਣੀ ਕਰਵਾਈ ਜਾਣੀ ਹੈ। ਇਸ ਮਾਪੇ ਅਧਿਆਪਕ ਮਿਲਣੀ ਦਾ ਟੀਚਾ ਰਾਜ ਦੇ ਸਰਕਾਰੀ ਸਕੂਲਾਂ ਦੇ 10 ਲੱਖ ਮਾਪਿਆਂ ਦੀ ਸ਼ਮੂਲੀਅਤ ਇਸ ਮਿਲਣੀ ਵਿੱਚ ਕਰਵਾਉਣਾ ਅਤੇ ਉਹਨਾਂ ਨੂੰ ਸਕੂਲ ਵਿੱਚ ਦਾਖਲਾ ਮੁੰਹਿਮ ਅਤੇ ਮਿਸ਼ਨ 100 % ਸੰਬੰਧੀ ਜਾਣਕਾਰੀ ਦੇਣਾ ਹੈ।

**2.0** ਮਾਪੇ-ਅਧਿਆਪਕ ਮਿਲਣੀ ਦੇ ਸਫ਼ਲ ਆਯੋਜਨ ਲਈ ਮਿਤੀ 24.12.2022 ਨੂੰ ਸਮੂਹ ਸਕੂਲ ਸਟਾਫ਼ ਸਕੂਲ ਵਿੱਚ ਹਾਜ਼ਰ ਰਹੇਗਾ। ਸਕੂਲ ਮੁਖੀ ਦੀ ਅਗਵਾਈ ਵਿੱਚ ਪੂਰੇ ਸਟਾਫ਼ ਦੇ ਸਹਿਯੋਗ ਨਾਲ ਮਾਪੇ-ਅਧਿਆਪਕ ਮਿਲਣੀ ਦੇ ਆਯੋਜਨ ਨੂੰ ਪੂਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਸਕੂਲ ਦੇ ਵਿਦਿਆਰਥੀ ਆਪਣੇ ਮਾਪਿਆਂ ਨਾਲ ਮਾਪੇ-ਅਧਿਆਪਕ ਮਿਲਣੀ ਵਿੱਚ ਭਾਗ ਲੈਣਗੇ।

**3.0** ਇਸ ਮਾਪੇ-ਅਧਿਆਪਕ ਮਿਲਣੀ ਨੂੰ ਸਫ਼ਲ ਬਣਾਉਣ ਲਈ ਹੇਠ ਲਿਖੇ ਅਨੁਸਾਰ ਯੋਜਨਾਬੰਦੀ ਉਲੀਕੀ ਗਈ ਹੈ:-

**ਮਾਪੇ ਅਧਿਆਪਕ ਮਿਲਣੀ ਤੋਂ ਪਹਿਲਾਂ ਕਰਵਾਈਆ ਜਾਣ ਵਾਲੀਆਂ ਗਤੀਵਿਧੀਆਂ ਦਾ ਵੇਰਵਾ:-**

- ਸਕੂਲ ਵੱਲੋਂ ਸਮੂਹ ਵਿਦਿਆਰਥੀਆਂ ਦੇ ਮਾਪਿਆਂ, ਪੰਚਾਇਤ ਮੈਂਬਰਾਂ, ਐੱਸ.ਐੱਮ.ਸੀ ਮੈਂਬਰਾਂ,ਇਲਾਕੇ ਜਾਂ ਪਿੰਡ ਦੇ ਪੱਤਵੰਤੇ ਸੱਜਣਾਂ ਅਤੇ ਲੋਕ ਨੁਮਾਇੰਦਿਆਂ ਨੂੰ ਸੱਦਾ ਦਿੱਤਾ ਜਾਵੇ। ਹਰੇਕ ਸਕੂਲ ਦੁਆਰਾ ਨੇੜੇ ਦੇ ਧਾਰਮਿਕ/ਸਰਵਜਨਿਕ ਸਥਾਨਾਂ ਤੋਂ ਅਨਾਊਸਮੈਂਟ ਰਾਹੀਂ ਮਾਪੇ-ਅਧਿਆਪਕ ਮਿਲਣੀ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਜਾਵੇ।
- ਸਕੂਲ ਮੁਖੀਆਂ ਦੁਆਰਾ ਮਾਪੇ-ਅਧਿਆਪਕ ਮਿਲਣੀ ਤੋਂ ਪਹਿਲਾਂ ਅਧਿਆਪਕਾਂ ਅਤੇ SMC ਮੈਂਬਰਾਂ ਨਾਲ ਮੀਟਿੰਗ ਕੀਤੀ ਜਾਵੇ ਅਤੇ ਅਧਿਆਪਕਾਂ ਦੁਆਰਾ ਲੋੜ ਪੈਣ ਤੇ ਸੀਨੀਅਰ ਜਮਾਤਾਂ ਦੇ ਵਿਦਿਆਰਥੀਆਂ ਦੀਆਂ ਡਿਊਟੀਆਂ ਵੀ ਪਹਿਲਾਂ ਤੋਂ ਹੀ ਲਗਾਈਆਂ ਜਾ ਸਕਦੀਆਂ ਹਨ।
- ਸਕੂਲ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮ ਰਾਹੀਂ ਪੋਸਟਰ, ਆਡੀਓ/ਵੀਡੀਓ ਮੈਸੇਜ ਜਾਗਰੂਕਤਾ ਲਈ ਸਾਂਝੇ ਕੀਤੇ ਜਾ ਸਕਦੇ ਹਨ।
- ਅਧਿਆਪਕ ਮਾਪਿਆਂ ਨੂੰ ਪਿਛਲੀਆਂ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦੀ ਕਾਰਗੁਜਾਰੀ ਬਾਰੇ, ਆਉਣ ਵਾਲੀਆਂ ਪ੍ਰੀਖਿਆਵਾਂ ਲਈ ਆਪਣੇ ਬੱਚਿਆਂ ਲਈ ਪੜ੍ਹਾਈ ਸੰਬੰਧੀ ਘਰੇਲੂ ਮਾਹੌਲ ਬਣਾਉਣ ਅਤੇ ਪੜ੍ਹਾਈ ਲਈ ਪ੍ਰੋਤਸਾਹਿਤ ਕਰਨ ਲਈ ਜਾਣਕਾਰੀ ਦੇਣਗੇ।
- ਜਮਾਤ ਇੰਚਾਰਜ ਉਹਨਾਂ ਵਿਦਿਆਰਥੀਆਂ ਦੀ ਸੂਚੀ ਤਿਆਰ ਕਰਨਗੇ ਜਿਨ੍ਹਾਂ ਦੇ ਮਾਪੇ ਪਹਿਲਾਂ ਹੋਈਆਂ ਮਾਪੇ-ਅਧਿਆਪਕ ਮਿਲਣੀਆਂ ਵਿੱਚ ਹਾਜਰ ਨਹੀਂ ਹੋਏ। ਅਜਿਹੇ ਵਿਦਿਆਰਥੀਆਂ ਦੀ ਇੱਕ ਸੂਚੀ ਸਬੰਧਤ ਸਕੂਲ ਮੁੱਖੀ ਦੁਆਰਾ ਵੀ ਰੱਖੀ ਜਾਵੇਗੀ। ਤਾਂ ਜੋ ਅਜਿਹੇ ਮਾਪਿਆਂ ਨੂੰ ਸੱਦਾ ਭੇਜ ਕੇ ਮਿਲਣੀ ਵਿੱਚ ਹਾਜਰ ਹੋਣਾ ਯਕੀਨੀ ਬਣਾਇਆ ਜਾ ਸਕੇ।

- ਵਿਦਿਆਰਥੀਆਂ ਨੂੰ 24.12.2022 ਤੋਂ ਪਹਿਲਾਂ ਰੋਜਾਨਾ ਸਵੇਰ ਦੀ ਸਭਾ ਦੌਰਾਨ ਸਕੂਲ ਮੁਖੀਆਂ ਦੁਆਰਾ ਸੰਬੋਧਨ ਕਰਦੇ ਹੋਏ ਮਾਪੇ-ਅਧਿਆਪਕ ਮਿਲਣੀ ਸੰਬੰਧੀ ਜਾਣਕਾਰੀ ਦਿੱਤੀ ਜਾਵੇ ਅਤੇ ਉਹਨਾਂ ਨੂੰ ਮਾਪੇ-ਅਧਿਆਪਕ ਮਿਲਣੀ ਵਾਲੇ ਦਿਨ ਆਪਣੇ ਮਾਪਿਆਂ ਨੂੰ ਨਾਲ ਲੈ ਕੇ ਆਉਣ ਲਈ ਪ੍ਰੇਰਿਤ ਕੀਤਾ ਜਾਵੇ।

- ਵੱਧ ਤੋਂ ਵੱਧ ਮਾਪਿਆਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਮਾਪੇ– ਅਧਿਆਪਕ ਮਿਲਣੀ ਵਾਲੇ ਦਿਨ ਮਾਪਿਆਂ ਲਈ ਇੱਕ Pledge Board (Size 7 ft X 4 ft) ਲਗਾਇਆ ਜਾਵੇ, ਜੋ ਕਿ ਇੱਕ ਸਫੈਦ ਫਲੈਕਸ ਬੋਰਡ ਦੇ ਰੂਪ ਵਿੱਚ ਵੀ ਹੋ ਸਕਦਾ ਹੈ। ਜਿਸ ਤੇ ਮਾਪਿਆਂ ਵੱਲੋਂ ਹਸਤਾਖਰ ਕੀਤੇ ਜਾਣ ਜਾਂ ਹੱਥ ਦਾ ਨਿਸ਼ਾਨ ਲਗਾਇਆ ਜਾਵੇਗਾ।

**4.0 ਮਿਤੀ 24.12.2022 ਨੂੰ ਮਾਪੇ –ਅਧਿਆਪਕ ਮਿਲਣੀ ਵਾਲੇ ਦਿਨ ਦੀਆਂ ਗਤੀਵਿਧੀਆਂ :-**

| ਲੜ੍ਹੀ ਨੰ: | ਗਤੀਵਿਧੀ ਦਾ ਵੇਰਵਾ | ਸੁਝਾਅ |
|---|---|---|
| 1 | **ਮਾਪਿਆਂ ਦਾ ਸੁਆਗਤ ਕਰਨਾ** | • ਇਸ ਸਬੰਧ ਵਿੱਚ, ਹਰੇਕ ਵਿਦਿਆਰਥੀ ਦੇ ਮਾਪਿਆਂ ਦਾ ਵਿਦਿਆਰਥੀਆਂ ਜਾਂ ਅਧਿਆਪਕਾਂ ਦੀਆਂ ਡਿਊਟੀਆਂ ਲਗਾ ਕੇ ਗੇਟ 'ਤੇ ਸਵਾਗਤ ਕੀਤਾ ਜਾਵੇਗਾ। |
| 2 | **ਸਕੂਲ ਮੁਖੀ ਦੁਆਰਾ** - ਵਿਦਿਆਰਥੀਆਂ ਅਤੇ ਮਾਪਿਆਂ ਨੂੰ ਉਤਸਾਹਿਤ ਕਰਨਾ। | • ਸਕੂਲ ਮੁਖੀ ਦੁਆਰਾ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਵਿੱਚ ਵੱਧ ਅੰਕ ਪ੍ਰਾਪਤ ਕਰਨ, ਸਕੂਲ ਦੀਆਂ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਵੱਧੇਰੇ ਭਾਗੀਦਾਰੀ, ਹਾਜ਼ਰੀ ਵਿੱਚ ਵਾਧਾ ਕਰਨ ਲਈ ਉਤਸਾਹਿਤ ਕੀਤਾ ਜਾਵੇਗਾ।<br>• ਸਕੂਲ ਮੁਖੀ ਦੁਆਰਾ ਮਾਪਿਆਂ ਨੂੰ ਛੁੱਟੀਆਂ ਦੌਰਾਨ ਵਿਦਿਆਰਥੀਆਂ ਦੀ ਪੜ੍ਹਾਈ ਲਈ ਸਮਾਂ ਸਾਰਣੀ ਬਣਾਉਣ, ਬੱਚਿਆਂ ਦੇ ਨਾਲ ਘਰ ਵਿੱਚ ਗਤੀਵਿਧੀਆਂ ਕਰਨ ਅਤੇ ਆਉਣ ਵਾਲੇ ਸਮੇਂ ਦੌਰਾਨ ਸਕੂਲ ਦੀਆਂ ਗਤੀਵਿਧੀਆਂ ਜਿਵੇਂ ਕਿ PTM ਆਦਿ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਲਈ ਉਤਸਾਹਿਤ ਕੀਤਾ ਜਾਵੇਗਾ।<br>• ਸਕੂਲ ਮੁਖੀ ਮਾਪਿਆਂ ਨੂੰ ਸਿੱਖਿਆ ਵਿਭਾਗ ਦੁਆਰਾ ਕੀਤੀਆਂ ਜਾ ਰਹੀਆਂ ਨਵੀਆਂ ਪਹਿਲ ਕਦਮੀਆਂ ਜਿਵੇਂ ਕਿ ਬੋਰਡ ਦੀਆਂ ਜਮਾਂਤਾ 8ਵੀਂ, 10ਵੀਂ ਅਤੇ 12ਵੀਂ ਲਈ ਮਿਸ਼ਨ 100 ਪ੍ਰਤੀਸ਼ਤ ਅਤੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਵੱਧ ਤੋਂ ਵੱਧ ਬੱਚੇ ਦਾਖਲ ਕਰਵਾਉਣ ਲਈ ਦਾਖਲਾ ਮੁਹਿਮ ਸੰਬੰਧੀ ਜਾਣਕਾਰੀ ਦੇਣਗੇ ਤਾਂ ਜੋ ਪੰਜਾਬ ਰਾਜ ਦਾ ਕੋਈ ਵੀ ਬੱਚਾ ਸਿੱਖਿਆ ਤੋਂ ਵਾਂਝਾਂ ਨਾ ਰਹੇ।<br>• ਸਕੂਲ ਮੁਖੀ ਦੁਆਰਾ ਮਾਪਿਆਂ ਨੂੰ ਸਕੂਲ ਵਿੱਚ ਲੱਗੇ ਸਫੈਦ ਫਲੈਕਸ ਬੋਰਡ ਤੇ ਲਿਖੀ ਪਲੈਂਜ **"ਮੈਂ ਆਪਣੇ ਬੱਚੇ ਨੂੰ ਹਰ ਰੋਜ਼ ਸਕੂਲ ਭੇਜਾਂਗਾ"** ਜਾਂ ਜੋ ਪਲੈਂਜ ਸਕੂਲ ਮੁਖੀ ਨੂੰ ਢੁੱਕਵੀਂ ਲੱਗੇ ਦੇ ਹੇਠਾਂ ਮਾਪਿਆਂ ਨੂੰ ਹਸਤਾਖਰ ਕਰਨ ਜਾਂ ਹੱਥ ਦੇ ਨਿਸ਼ਾਨ ਲਗਾਉਣ ਲਈ ਪ੍ਰੇਰਿਤ ਕਰਨਗੇ। |
| | **ਅਧਿਆਪਕਾਂ ਦੁਆਰਾ ਮਾਪਿਆਂ ਲਈ ਸੁਝਾਅ-** | • ਅਧਿਆਪਕਾਂ ਦੁਆਰਾ ਮਾਪਿਆਂ ਨੂੰ ਬੱਚਿਆਂ ਨਾਲ ਸਮਾਂ ਬਿਤਾਉਣ ਅਤੇ ਘਰ ਵਿੱਚ ਉਹਨਾਂ ਦੀ ਪੜ੍ਹਾਈ ਲਈ ਸਮਾਂ ਤੈਅ ਕਰਨ ਲਈ ਸੁਝਾਅ ਦਿੱਤਾ ਜਾਵੇ।<br>• ਵਿਦਿਆਰਥੀਆਂ ਦੇ ਟੈਲੀਵਿਜ਼ਨ ਅਤੇ ਫ਼ੋਨ ਦੀ ਵਰਤੋ ਦੇ ਸਮੇ ਨੂੰ ਘਟਾਓਣ ਲਈ ਯਤਨ ਕੀਤੇ ਜਾਣ।<br>• ਵਿਦਿਆਰਥੀਆਂ ਦੀ ਹੋਮਵਰਕ ਅਤੇ ਹੋਰ ਗਤੀਵਿਧੀਆਂ ਵਿੱਚ ਘਰ ਵਿੱਚ ਮਦਦ ਕੀਤੀ ਜਾਵੇ। ਬੱਚਿਆਂ ਤੋਂ ਸਕੂਲ ਵਿੱਚ ਉਹਨਾਂ ਦੀ ਪੂਰੇ ਦਿਨ ਦੀ ਕਾਰਗੁਜਾਰੀ ਬਾਰੇ ਪੁੱਛਿਆ ਜਾਵੇ। ਮਾਪਿਆਂ ਅਤੇ ਵਿਦਿਆਰਥੀਆਂ ਨੂੰ ਫੀਡਬੈਕ ਸੰਬੰਧੀ Google form ਭਰਨ ਲਈ ਪ੍ਰੇਰਿਤ ਕੀਤਾ ਜਾਵੇ। - **http://bitly.ws/y4tP** |

**5.0** ਮਾਪਿਆਂ ਅਤੇ ਹੋਰ ਕਮਿਊਨਿਟੀ ਮੈਂਬਰਾਂ ਦੇ ਬੈਠਣ ਦਾ ਢੁਕਵਾਂ ਪ੍ਰਬੰਧ ਕੀਤਾ ਜਾਵੇ। ਇਸ ਤੋਂ ਇਲਾਵਾ ਇਨ੍ਹਾਂ ਲਈ ਚਾਹ ਅਤੇ ਰਿਫਰੈਸ਼ਮੈਂਟ ਦਾ ਪ੍ਰਬੰਧ ਵੀ ਕੀਤਾ ਜਾ ਸਕਦਾ ਹੈ।

**6.0** ਇਸ ਮਾਪੇ ਅਧਿਆਪਕ ਮਿਲਣੀ ਦੌਰਾਨ ਪਬਲਿਕ ਨੁਮਾਇੰਦਿਆਂ, ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਹਿਬਾਨ, ਮੁੱਖ ਦਫ਼ਤਰ ਦੇ ਅਧਿਕਾਰੀਆਂ, ਜ਼ਿਲ੍ਹਾ/ਬਲਾਕ ਅਧਿਕਾਰੀਆਂ ਦੁਆਰਾ ਵੀ ਸਕੂਲਾਂ ਦਾ ਦੌਰਾ ਕੀਤਾ

ਜਾਣਾ ਹੈ। ਸਕੂਲਾਂ ਦਾ ਦੌਰਾ ਕਰਨ ਵਾਲੇ ਇਹਨਾਂ ਨੁਮਾਇੰਦਿਆਂ ਅਤੇ ਅਧਿਕਾਰੀਆਂ ਨੂੰ ਬਣਦਾ ਮਾਣ-ਸਤਿਕਾਰ ਅਤੇ ਸਹਿਯੋਗ ਦਿੱਤਾ ਜਾਵੇ।

7.0 ਅਧਿਕਾਰੀ ਸਾਹਿਬਾਨ ਅਤੇ ਮੀਡੀਆ ਟੀਮ ਦੁਆਰਾ ਨਿਮਨ ਲਿਖਤ ਕਾਰਜ ਕੀਤੇ ਜਾਣ ਦੀ ਲੋੜ ਹੈ:

| ਜ਼ਿੰਮੇਵਾਰੀ | ਕਾਰਜ |
|---|---|
| **ਡਿਪਟੀ ਕਮਿਸ਼ਨਰ, ਮੁੱਖ ਦਫਤਰ ਵੱਲੋਂ ਨਾਮਜਦ ਟੀਮ ਮੈਂਬਰ, ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), (ਐ.ਸਿ.) ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), (ਐ.ਸਿ.) ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ** | 1. ਮਾਪੇ ਅਧਿਆਪਕ ਮਿਲਣੀ ਵਾਲੇ ਦਿਨ ਸਕੂਲਾਂ ਦਾ ਦੌਰਾ ਕਰਨਾ ਅਤੇ ਮਾਪਿਆਂ ਨੂੰ ਮਿਸ਼ਨ 100% ਅਤੇ ਦਾਖਲਾ ਮੁਹਿਮ ਸੰਬੰਧੀ ਜਾਣਕਾਰੀ ਦੇਣਾ।<br>2.ਦਿਨ ਦੀਆਂ ਗਤੀਵਿਧੀਆਂ ਦਾ ਨਿਰੀਖਣ ਕਰਨਾ ਅਤੇ ਸਕੂਲ ਪ੍ਰਬੰਧ ਅਤੇ ਸਿੱਖਣ ਸੁਧਾਰਾ ਬਾਰੇ ਮਾਪਿਆਂ ਤੋਂ ਸੁਝਾਅ ਲੈਣਾ।<br>3. ਮਾਪੇ ਅਧਿਆਪਕ ਮਿਲਣੀ ਸਬੰਧੀ ਆਪਣੀ ਨਿਰੀਖਣ ਰਿਪੋਰਟ - https://forms.gle/rY3nuDwR8yShayrx8 ਲਿੰਕ ਰਾਹੀਂ ਭਰਨਾ।<br>4. ਮਾਪੇ-ਅਧਿਆਪਕ ਮਿਲਣੀ ਤੋਂ ਬਾਅਦ, ਵਧੀਆ ਅਨੁਭਵਾਂ ਅਤੇ ਸੁਧਾਰਾਂ ਨੂੰ ਸਾਂਝਾ ਕਰਨਾ। |
| **ਮੀਡੀਆ ਟੀਮ** | 1.ਮਾਪੇ ਅਧਿਆਪਕ ਮਿਲਣੀ ਤੋਂ ਪਹਿਲਾਂ ਅਧਿਆਪਕਾਂ ਨਾਲ ਪੋਸਟਰਾਂ, ਅਤੇ ਵੀਡੀਓ ਨੂੰ ਡਿਜ਼ਾਈਨ ਕਰਨਾ ਅਤੇ ਮਾਪਿਆਂ ਨਾਲ ਸਾਂਝਾ ਕਰਨਾ।<br>2. ਮਾਪਿਆਂ ਅਤੇ ਵਿਦਿਆਰਥੀਆਂ ਨਾਲ ਇੰਟਰਵਿਊ ਕਰਨਾ।<br>3. ਮਾਪੇ-ਅਧਿਆਪਕ ਮਿਲਣੀ ਵਾਲੇ ਦਿਨ ਦੀ ਮੀਡੀਆ ਕਵਰੇਜ ਤੋਂ ਬਾਅਦ ਇੱਕ ਦਸਤਾਵੇਜ਼ੀ ਵੀਡੀਓ ਬਣਾਉਣਾ। |

**8.0** ਮਾਪੇ ਅਧਿਆਪਕ ਮਿਲਣੀ ਦਾ ਸੋਸ਼ਲ ਮੀਡੀਆ ਰਾਹੀਂ ਪ੍ਰਚਾਰ ਕਰਨ ਲਈ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਦੀ ਡਿਊਟੀ ਲਗਾਈ ਜਾਵੇਗੀ। ਜੋ ਕਿ ਸਕੂਲ ਮੀਡੀਆ ਇੰਚਾਰਜ ਨਾਲ ਤਾਲ-ਮੇਲ ਕਰਕੇ ਮਿਲਣੀ ਸੰਬੰਧੀ ਰਿਪੋਰਟ ਤਿਆਰ ਕਰਨਗੇ।

**9.0** ਸਕੂਲ ਦੁਆਰਾ ਮਾਪਿਆਂ ਤੋਂ ਪ੍ਰਾਪਤ ਫੀਡਬੈਕ ਨੂੰ ਨੋਟ ਕੀਤਾ ਜਾਵੇਗਾ ਅਤੇ Google form ਰਾਹੀਂ ਮੁੱਖ ਦਫਤਰ ਨਾਲ ਸਾਂਝਾ ਕੀਤਾ ਜਾਵੇਗਾ। ਤਾਂ ਜੋ ਵਿਦਿਆਰਥੀਆਂ ਦੇ ਅਕਾਦਮਿਕ ਸੁਧਾਰ ਲਈ ਯੋਗ ਸੁਝਾਵਾਂ ਨੂੰ ਲਾਗੂ ਕੀਤਾ ਜਾ ਸਕੇ।

**10.0** ਸਮੂਹ ਸਕੂਲ ਮੁਖੀ ਮਾਪੇ - ਅਧਿਆਪਕ ਮਿਲਣੀ ਸੰਬੰਧੀ ਫੋਟੋਆਂ ਬਲਾਕ ਗਰੁੱਪ ਵਿੱਚ ਸਾਂਝੀਆਂ ਕਰਨਗੇ।

**11.0** ਮਾਪੇ-ਅਧਿਆਪਕ ਮਿਲਣੀ ਦੋਰਾਨ ਇੱਕ ਸੁਝਾਅ ਬਾਕਸ ਰੱਖਿਆ ਜਾਵੇ ਅਤੇ ਬੱਚਿਆਂ ਅਤੇ ਮਾਪਿਆਂ ਨੂੰ ਇਸ ਸੁਝਾਅ ਬਾਕਸ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਜਾ ਸਕਦੀ ਹੈ।

**12.0** ਮੁੱਖ ਦਫਤਰ ਵੱਲੋਂ ਜਾਣ ਵਾਲੇ ਅਧਿਕਾਰੀ ਆਪਣਾ ਬਣਦਾ ਟੀ.ਏ. ਸਮਗਰਾ ਦੀ ਮੈਨੇਜਮੈਂਟ ਫੰਡ ਵਿੱਚੋਂ ਨਿਯਮਾਂ ਅਨੁਸਾਰ ਕਲੇਮ ਕਰਨਗੇ।

**13.0** ਸਮੂਹ ਸਕੂਲ ਮੁਖੀ ਮਾਪੇ ਅਧਿਆਪਕ ਮਿਲਣੀ ਤੋਂ ਬਾਅਦ ਆਪਣੇ ਸਕੂਲ ਦੀ ਰਿਪੋਰਟ ਮਿਤੀ 25-12-2022 ਤੱਕ ਹੇਠ ਲਿਖੇ ਲਿੰਕ ਤੇ ਉਪਲਬਧ ਪ੍ਰੋਫਾਰਮੇ ਤੇ ਅਪਲੋਡ ਕਰਨਾ ਯਕੀਨੀ ਬਣਾਉਣਗੇ। **http://bitly.ws/y4sK**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

ਪਿੱਠ ਅੰਕਣ ਨੰਬਰ: ਉੱਕਤ ਮਿਤੀ:20-12-2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ.ਟੂ. ਮਾਨਯੋਗ ਸਿੱਖਿਆ ਮੰਤਰੀ ਜੀ।
2. ਪੀ.ਏ.ਟੂ. ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ।
3. ਪੀ.ਏ.ਟੂ. ਡੀ.ਜੀ.ਐਸ.ਈ।
4. ਸਮੂਹ ਡਿਪਟੀ ਕਮਿਸ਼ਨਰ, ਪੰਜਾਬ
5. ਪੀ.ਏ.ਟੂ. ਡੀ.ਪੀ.ਆਈ.(ਸੈ.ਸਿ.)(ਐ.ਸਿ.)।
6. ਸਮੂਹ ਪ੍ਰਿੰਸੀਪਲ ਡਾਇਟ।

**ਸਹਾਇਕ ਡਾਇਰੈਕਟਰ**

**ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।**

**ਪਲੈੱਜ ਬੋਰਡ (Pledge Board) ਦਾ ਨਮੂਨਾ ਹੇਠ ਅਨੁਸਾਰ ਹੋ ਸਕਦਾ ਹੈ:**

ਪਲੈੱਜ ਬੋਰਡ ਦਾ ਸਾਇਜ਼: 7 ਫੁੱਟ X 4 ਫੁੱਟ

